1

ਨੰ: 2/17/2002-ਰਸ5/112 - 117

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜਰਵੇਸਨ ਸੈਲ)

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦ ਮੁਖੀ,
2. ਰਾਜ ਦੇ ਸਮੂਹ ਡਵੀਜਨਾਂ ਦੇ ਕਮਿਸਨਰ,
3. ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ,
4. ਰਾਜ ਦੇ ਸਮੂਹ ਡਿਪਟੀ ਕਮਿਸਨਰ,
5. ਰਾਜ ਵਿੱਚ ਸਮੂਹ ਜਿਲ੍ਹਾ ਤੇ ਸੈਸਨ ਜੱਜ,
6. ਰਾਜ ਵਿੱਚ ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ,ਚੰਡੀਗੜ੍ਹ 19 ਜਨਵਰੀ 2006

**ਵਿਸ਼ਾ:-** **ਪਛੜੀਆਂ ਸ੍ਰੇਣੀਆਂ / ਦੂਜੀਆਂ ਪਛੜੀਆਂ ਸ੍ਰੇਣੀਆਂ ਦੇ ਜਾਤੀ ਸਰਟੀਫਿਕੇਟ ਜਾਰੀ ਕਰਨ ਬਾਰੇ।**

******

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਭਾਰਤ ਸਰਕਾਰ ਦੇ ਪੱਤਰ ਨੰ: 36012/22/93-ਅਮਲਾ(ਐਸ.ਸੀ.ਟੀ) ਮਿਤੀ 8-9-1993 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 1/41/93-ਰਸ1/459 ਮਿਤੀ 17-1-1994 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨਾਲ ਅਪਣਾਇਆ ਹੈ ਤੇ ਲਾਗੂ ਕੀਤਾ ਹੈ । ਪੰਜਾਬ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਦੇ ਪੈਰਾ ਨੰ: 4 ਅਨੁਸਾਰ ਪੰਜਾਬ ਰਾਜ ਦੀਆਂ ਜਿਹੜੀਆਂ ਜਾਤੀਆਂ ਨੂੰ ਪਛੜੀਆਂ ਸ੍ਰੇਣੀਆਂ ਘੋਸ਼ਿਤ ਕੀਤਾ ਗਿਆ ਹੈ , ਜਾਂ ਘੋਸ਼ਿਤ ਕੀਤੀਆਂ ਜਾਣਗੀਆਂ, ਉਨ੍ਹਾਂ ਨੂੰ ਹੀ ਕਰੀਮੀਲੇਅਰ ਦੀ ਸਮੇਂ ਸਮੇਂ ਤੇ ਨਿਸਚਿਤ ਕੀਤੀ ਸੀਮਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਰਾਜ ਦੀਆਂ ਸੇਵਾਵਾਂ/ਵਿਦਿਅਕ/ਤਕਨੀਕੀ/ਪ੍ਰੋਫੈਸਨਲ ਸੰਸਥਾਵਾਂ ਵਿੱਚ ਰਾਖਵਾਂਕਰਨ ਦਾ ਲਾਭ ਪ੍ਰਾਪਤ ਕਰਨ ਲਈ ਪਛੜੀ ਸ੍ਰੇਣੀ ਦੇ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

2. ਪੰਜਾਬ ਸਰਕਾਰ ਵੱਲੋਂ ਹੁਣ ਤੱਕ ਪਛੜੀਆਂ ਸ੍ਰੇਣੀਆਂ ਦੇ ਤੌਰ ਤੇ ਘੋਸ਼ਿਤ ਕੀਤੀਆਂ ਜਾਤੀਆਂ ਦੀ ਇਸ ਸਮੇਂ ਗਿਣਤੀ 69 ਹੈ । ਇਹ ਜਾਤੀਆਂ ਪੰਜਾਬ ਸਰਕਾਰ ਦੀਆਂ ਸੇਵਾਵਾਂ/ਦਾਖਲਿਆਂ ਵਿੱਚ ਲਾਭ ਲੈਣ ਦੇ ਨਾਲ ਨਾਲ ਕੇਂਦਰ ਸਰਕਾਰ ਦੀਆਂ ਸੇਵਾਵਾਂ ਆਦਿ ਵਿੱਚ ਵੀ ਲਾਭ ਪ੍ਰਾਪਤ ਕਰਨ ਦੀਆਂ ਹੱਕਦਾਰ ਹਨ। ਇਥੇ ਇਹ ਸਪਸਟ ਕੀਤਾ ਜਾਂਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਰਾਜ ਲਈ ਓ.ਬੀ.ਸੀਜ ਦੀ ਲਿਸਟ ਜਾਰੀ ਕੀਤੀ ਹੋਈ ਹੈ, ਉਸ ਵਿੱਚ ਕੁੱਝ ਜਾਤੀਆਂ ਜਿਵੇਂ ਸੁਨਾਰ/ਜਵਰਨਕਾਰ/ ਸੈਣੀ ਸਾਮਲ ਹਨ, ਨੂੰ ਪੰਜਾਬ ਰਾਜ ਵੱਲੋਂ ਪਛੜੀ ਸ੍ਰੇਣੀ ਘੋਸ਼ਿਤ ਨਹੀਂ ਕੀਤਾ ਅਤੇ ਇਹ ਜਾਤੀਆਂ ਉਕਤ 69 ਜਾਤੀਆਂ ਦੀ ਲਿਸਟ ਵਿੱਚ ਸ਼ਾਮਲ ਨਹੀਂ ਹਨ। ਇਸ ਲਈ ਇਹ ਜਾਤੀਆਂ ਪੰਜਾਬ ਰਾਜ ਦੀਆਂ ਸੇਵਾਵਾਂ/ਦਾਖਲਿਆਂ ਆਦਿ ਵਿੱਚ ਮਿਤੀ 17-1-1994 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪਛੜੀ ਸ੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਜਾਤੀ ਸਰਟੀਫਿਕੇਟ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਰੱਖਦੀਆਂ। ਸੁਨਿਆਰ ਅਤੇ ਸੈਣੀ ਜਾਤੀ ਨੂੰ ਭਾਰਤ ਸਰਕਾਰ ਦੇ ਰੈਜ਼ੂਲੇਸਨ ਨੰ:

ਚਲਦਾ......

12011/88/98-ਬੀ.ਸੀ.ਸੀ ਮਿਤੀ 6-12-1999 ਰਾਹੀਂ ਪੰਜਾਬ ਰਾਜ ਦੀ ਓ.ਬੀ.ਸੀ ਬਾਰੇ ਸੈਂਟਰਲ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਜਾਤੀਆਂ ਨੂੰ ਕੇਵਲ ਕੇਂਦਰ ਸਰਕਾਰ ਦੀਆਂ ਸੇਵਾਵਾਂ ਵਿੱਚ ਰਾਖਵਾਂਕਰਨ ਦਾ ਲਾਭ ਦਿਵਾਉਣ ਲਈ ਭਾਰਤ ਸਰਕਾਰ ਦੀਆਂ ਉਕਤ ਹਦਾਇਤਾਂ ਅਨੁਸਾਰ, ਪਛੜੀ ਸ਼੍ਰੇਣੀ ਦੇ ਸਰਟੀਫਿਕੇਟ, ਪੰਜਾਬ ਸਰਕਾਰ ਦੇ ਜਾਤੀ ਸਰਟੀਫਿਕੇਟ ਜਾਰੀ ਕਰਨ ਵਾਲੇ ਸਮਰੱਥ ਅਧਿਕਾਰੀਆਂ ਵੱਲੋਂ ਕਰੀਮੀਲੇਅਰ ਦੀ ਸਮੇਂ ਸਮੇਂ ਤੇ ਨਿਯਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਜਾਰੀ ਕੀਤੇ ਜਾ ਸਕਦੇ ਹਨ।

3. ਇਹ ਹਦਾਇਤਾਂ ਸਮੂਹ ਸਬੰਧਤਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਇਹਨਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।

ਵਿਸ਼ਵਾਸਪਾਤਰ

(ਸੰਯੁਕਤ ਸਕੱਤਰ ਭਲਾਈ) 17.1.06

ਇਸਦਾ ਇੱਕ ਉਤਾਰਾ ਸਾਰੇ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ
17.1.06

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਰਾਜ ਦੇ ਸਮੂਹ ਪ੍ਰਮੁੱਖ ਸਕੱਤਰ,
ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ ।

ਅ:ਵਿ:ਪੱ:ਨੰ: 2/17/2002-ਰਸ5/ 118-120 ਮਿਤੀ, ਚੰਡੀਗੜ੍ਹ 19.1.06
ਪਿੱਠ ਅੰਕਣ ਨੰ: 2/17/2002-ਰਸ5/ 121 ਮਿਤੀ, ਚੰਡੀਗੜ੍ਹ 19.1.06

ਇੱਕ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਨੂੰ ਉਨ੍ਹਾਂ ਦੇ ਮੀਮੋ ਨੰ: ਸ-26/1132 ਮਿਤੀ 18-8-2005 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ
17.1.06

ਪਿੱਠ ਅੰਕਣ ਨੰ: 2/17/2002-ਰਸ5/ 122 ਮਿਤੀ, ਚੰਡੀਗੜ੍ਹ 19.1.06

ਇੱਕ ਉਤਾਰਾ ਮੈਂਬਰ ਸਕੱਤਰ, ਪੰਜਾਬ ਰਾਜ ਪਛੜੀਆਂ ਸ਼੍ਰੇਣੀਆਂ ਕਮਿਸ਼ਨ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ
17.1.06